## 7

# ਯਿਸੂ: ਇਕ ਇਤਿਹਾਸਕ ਆਦਮੀ

ਭਲਾ ਨਵੇਂ ਨੇਮ ਦੀਆਂ ਕਿਤਾਬਾਂ ਜੋ ਪੁਰਾਣੇ ਨੇਮ ਦੀਆਂ ਨਬੂਵਤਾਂ ਨੂੰ ਯਿਸੂ ਵਿਚ ਪੂਰਾ ਹੋਣ ਦੀ ਗੱਲ ਕਰਦੀਆਂ ਹਨ, ਭਰੋਸੇਮੰਦ ਹਨ? ਇਸ ਸਦੀ ਵਿਚ ਕਿਸੇ ਨੂੰ ਕਿਵੇਂ ਪਤਾ ਲਗ ਸਕਦਾ ਹੈ ਕਿ ਉਹ ਯਿਸੂ ਭਾਵ ਤਰਖਾਣ ਸਚਮੁਚ ਪਹਿਲੀ ਸਦੀ ਵਿਚ ਹੋਇਆ ਸੀ? ਭਲਾ ਉਹਦੀ ਨਿਰਾਲੀ ਜ਼ਿੰਦਗੀ ਦੀ ਕਹਾਣੀ ਸਿਰਫ਼ ਚਾਹੀ ਜਾਣ ਵਾਲੀ ਗੱਲ ਹੀ ਹੈ? ਮੁੱਢਲੇ ਲੋਕਾਂ ਨੇ ਇਸ ਦੀ ਤਸਦੀਕ ਕੀਤੀ ਸੀ ਕਿ ਅਜਿਹਾ ਸ਼ਖ਼ਸ ਦੇਹ ਵਿਚ ਉਨ੍ਹਾਂ ਦੇ ਨਾਲ ਰਿਹਾ ਅਤੇ ਉਨ੍ਹਾਂ ਨੇ ਉਹਦਾ ਤੇਜ ਵੇਖਿਆ ਸੀ। ਫਿਰ ਕੀ ਉਹ ਸਿਰਫ਼ ਮਨੁੱਖੀ ਕੌਮ ਦੇ ਚਮਤਕਾਰ ਭਰੇ ਆਦਰਸ਼ ਦੀ ਹੀ ਕਲਪਨਾ ਕਰ ਰਹੇ ਸਨ?

ਪੱਕੇ ਇਰਾਦੇ ਵਾਲੇ ਬੇਵਿਸ਼ਵਾਸਿਆਂ ਵੱਲੋਂ ਕੀਤੀ ਗਈ ਬਰੀਕੀ ਨਾਲ ਜਾਂਚ ਦੇ ਬਾਅਦ ਯਿਸੂ ਦੀ ਕਥਿਤ ਜ਼ਿੰਦਗੀ ਦੀ ਇੰਜੀਲ ਦੇ ਚਾਰੇ ਵਿਰਤਾਂਤ ਸਾਡੇ ਯੁਗ ਦੇ ਸਭ ਤੋਂ ਭਰੋਸੇਮੰਦ ਦਸਤਾਵੇਜ਼ ਹਨ।[1] ਜੇ ਕੋਈ ਇਹ ਮੰਨਣਾ ਚਾਹੇ ਕਿ ਮੱਤੀ, ਮਰਕੁਸ, ਲੂਕਾ ਅਤੇ ਯੂਹੰਨਾ ਇਕ ਕਲਪਿਤ ਯਿਸੂ ਦੇ ਗੁਮਰਾਹ ਚੇਲੇ ਸਨ ਤਾਂ ਉਹਦੀ ਇਹ ਧਾਰਣਾ ਗੈਰ ਮਸੀਹੀ ਲੋਕਾਂ ਦੀਆਂ ਗੱਲਾਂ ਸੁਣ ਕੇ ਖ਼ਤਮ ਹੋ ਜਾਵੇਗੀ। ਮੁੱਢਲੀਆਂ ਸਦੀਆਂ ਦੇ ਗੈਰ ਮਸੀਹੀ ਲੋਕਾਂ ਦੇ ਬਹੁਤੇ ਹਵਾਲੇ ਤਾਂ ਮੌਜੂਦ ਨਹੀਂ ਹਨ ਪਰ ਯਿਸੂ ਬਾਰੇ ਕੁਝ ਗੱਲਾਂ ਹੀ ਇਹ ਵਿਖਾਉਣ ਲਈ ਕਾਫ਼ੀ ਹਨ ਕਿ ਉਹ ਸਚਮੁਚ ਧਰਤੀ 'ਤੇ ਹੋਇਆ ਹੈ।[2]

### ਫ਼ਲੇਵਿਉਸ ਜੋਸੇਫ਼ਸ

ਫ਼ਲੇਵਿਉਸ ਜੋਸੇਫ਼ਸ ਇਕ ਵਿਦਵਾਨ ਫ਼ਰੀਸੀ ਸੀ ਜਿਹਦਾ ਜਨਮ ਕਲੀਸੀਆ ਦੀ ਸ਼ੁਰਆਤੂ ਦੇ ਸੱਤ ਸਾਲਾਂ ਬਾਅਦ ਹੋਇਆ ਸੀ। ਉਹ ਨਵਾਂ ਨੇਮ ਪੂਰਾ ਹੋਣ ਦੇ ਬਾਅਦ ਤਕ ਜ਼ਿੰਦਾ ਰਿਹਾ ਸੀ। ਉਹ ਇਕ ਗ਼ੈਰ ਮਸੀਹੀ ਸੀ, ਪਰ ਯਿਸੂ ਦਾ ਬੜਾ ਸਤਿਕਾਰ ਕਰਦਾ ਸੀ:

> ਹੁਣ ਇਸੇ ਸਮੇਂ ਦੇ ਆਸ ਪਾਸ ਯਿਸੂ, ਜੇ ਇਹ ਕਹਿਣਾ ਗ਼ਲਤ ਨਹੀਂ ਹੈ ਕਿ ਇਕ ਬੁੱਧਵਾਨ, ਅਚੰਭੇ ਕੰਮ ਕਰਨ ਵਾਲਾ, ਅਜਿਹੇ ਲੋਕਾਂ ਦਾ ਸਿਖਾਉਣ ਵਾਲਾ ਸੀ ਜੋ ਸੱਚਾਈ ਨੂੰ ਖੁਸ਼ੀ ਨਾਲ ਮੰਨ ਲੈਂਦੇ ਸਨ। ਉਹਨੇ ਬਹੁਤ ਸਾਰੇ ਯਹੂਦੀਆਂ ਅਤੇ ਬਹੁਤ ਸਾਰੇ ਗ਼ੈਰਕੌਮਾਂ ਨੂੰ ਆਪਣੇ ਵੱਲ ਖਿੱਚਿਆ। ਉਹ ਖ੍ਰਿਸਟੁਸ ਸੀ ਅਤੇ ਜਦ ਪਿਲਾਤੁਸ ਵੱਲੋਂ ਉਨ੍ਹਾਂ ਵਿੱਚੋਂ ਪ੍ਰਮੁੱਖ ਲੋਕਾਂ ਦੇ ਸੁਝਾਅ 'ਤੇ ਉਹਨੂੰ ਸਲੀਬ ਦੀ ਸਜ਼ਾ ਦਿੱਤੀ ਗਈ ਸੀ, ਤਾਂ ਉਸ ਨਾਲ ਪਿਆਰ ਕਰਨ ਵਾਲਿਆਂ ਨੇ ਪਹਿਲਾਂ ਉਸਨੂੰ ਨਹੀਂ ਛੱਡਿਆ ਕਿਉਂਕਿ ਉਹ ਉਨ੍ਹਾਂ ਨੂੰ ਤਿੰਨਾਂ ਦਿਨਾਂ ਬਾਅਦ ਫੇਰ ਜ਼ਿੰਦਾ ਨਜ਼ਰ ਆਇਆ ਸੀ; ਜਿਵੇਂ ਕਿ ਖ਼ੁਦਾਈ ਨਬੀਆਂ ਨੇ ਉਹਦੇ ਬਾਰੇ ਇਹ ਅਤੇ ਦਸ ਹਜ਼ਾਰ ਹੋਰ ਅਨੋਖੀਆਂ ਗੱਲਾਂ ਦੀ ਨਬੂਵਤ ਕੀਤੀ ਸੀ। ਅਤੇ ਮਸੀਹੀ ਲੋਕਾਂ ਦੀ ਬਰਾਦਰੀ, ਜਿਸਨੂੰ ਉਹਦੇ ਨਾਂਅ ਨਾਲ ਜਾਣਿਆ ਜਾਂਦਾ ਹੈ, ਅੱਜ ਦੇ ਦਿਨ ਤਕ ਖ਼ਤਮ ਨਹੀਂ ਹੋਈ ਹੈ।[3]

ਇੰਜੀਲ ਦੇ ਤੱਥਾਂ ਵਿਚ ਉਹਦੇ ਵਿਸ਼ਵਾਸ ਦਾ ਪਤਾ ਲੱਗਣ ਕਰਕੇ ਸਤਿਕਾਰ ਦੇ ਨਾਲ-ਨਾਲ ਸ਼ਬਦਾਂ ਦੀ ਵਰਤੋਂ ਵਿਚ ਲਾਪਰਵਾਹੀ ਨੇ ਯਕੀਨਨ ਹੀ ਜੋਸੇਫ਼ਸ ਦੀ ਅਗਲੀ ਗੱਲ ਕਹਿ ਦਿੱਤੀ।[4] ਪਰ ਉਹਦਾ ਅਸਲ ਵਿਸ਼ਵਾਸ ਬਾਅਦ ਦੀ ਉਹਦੀ ਇਕ ਕਿਤਾਬ ਵਿਚ ਵੇਖਿਆ ਜਾਂਦਾ ਹੈ, ਜੋ ਸੋਧ ਕਰਨ ਵਾਲੇ ਦਾ ਕੰਮ ਕਰਦੀ ਹੈ; ਉਸ ਕਿਤਾਬ ਵਿਚ ਯਿਸੂ ਨੂੰ ਜਿਹਨੂੰ ''ਮਸੀਹ ਆਖਿਆ ਜਾਂਦਾ ਸੀ'' ਕਿਹਾ ਗਿਆ ਹੈ।[5]

ਇਹ ਪੱਕਾ ਸਬੂਤ ਹੈ ਕਿ ਜੋਸੇਫ਼ਸ ਯਿਸੂ ਦੇ ਖ਼ੁਦਾ ਹੋਣ ਵਿਚ ਯਕੀਨ ਨਹੀਂ ਰੱਖਦਾ ਸੀ, ਪਰ ਓਨਾ ਹੀ ਪੱਕਾ ਸਬੂਤ ਇਹ ਹੈ ਕਿ ਉਹ ਮੰਨਦਾ ਸੀ ਕਿ ਯਿਸੂ ਨਾਸਰੀ ਪਹਿਲੀ ਸਦੀ ਵਿਚ ਹੋਇਆ ਸੀ। ਮਸੀਹੀ ਲੋਕਾਂ ਦੀ ''ਜਮਾਤ'' ਦੇ ਨਜ਼ਰੀਏ ਤੋਂ, ਜੋਸੇਫ਼ਸ ਦੀਆਂ ਗੱਲਾਂ ਕਿਸੇ ਵੀ ਅਜਿਹੇ ਵਿਚਾਰ ਦੇ ਖ਼ਿਲਾਫ਼ ਗਵਾਹੀ ਹਨ ਜੋ ਯਿਸੂ ਨੂੰ ਸਿਰਫ਼ ਇਕ ਕਲਪਿਤ ਪਾਤਰ ਦੇ ਤੌਰ ਤੇ ਵੇਖਦਾ ਹੈ।

## ਤਾਲਮੁਡ

ਪਹਿਲੀਆਂ ਪੰਜ ਸਦੀਆਂ ਦੀ ਬਿਓਰੇਵਾਰ ਯਹੂਦੀ ਕਿਤਾਬਾਂ ਜਿਨ੍ਹਾਂ ਨੂੰ ਤਾਲਮੁਡ ਕਿਹਾ ਜਾਂਦਾ ਹੈ (ਮਿਸ਼ਨਾਹ ਅਤੇ ਗਿਮਾਰਾ, ਦੋ ਹਿੱਸਿਆਂ ਵਿਚ) ਯਿਸੂ ਬਾਰੇ ਦੱਸਦੀਆਂ ਹਨ। ਜਿਵੇਂ ਕਿ ਉਮੀਦ ਕੀਤੀ ਜਾ ਸਕਦੀ ਹੈ, ਇਨ੍ਹਾਂ ਦੇ ਹਵਾਲੇ ਅਧੂਰੇ ਅਤੇ ਪ੍ਰਤੀਕੂਲ ਹਨ; ਪਰ ਤਾਲਮੁਡ ਖ਼ਿਆਲੀ ਯਿਸੂ ਦੇ ਵਿਚਾਰ ਨੂੰ ਰੱਦਦਾ ਹੈ।[6] ਉਹ ''ਏਲੀ ਦੀ ਧੀ, ਮਰੀਅਮ ਦੇ ਪੁੱਤਰ ਯਿਸੂ ਨਾਸਰੀ'' ਦੀ ਗੱਲ ਕਰਦੀਆਂ ਹਨ।[7] ਮਿਸਰ ਜਾਣ ਦੀ ਗੱਲ ਦੁਹਾਉਂਦੇ ਹਨ ਅਤੇ ਉਸ ਦੇ ਮੋਅਜਜ਼ਿਆਂ ਦੀ ਸ਼ਕਤੀ ਨੂੰ ਮੰਨਦੀਆਂ ਹਨ। ਪਰ ਇਸ ਸ਼ਕਤੀ ਦਾ ਸਿਹਰਾ ਉਹ ਜਾਂ ਤਾਂ ਹੈਕਲ ਤੋਂ ਜਾਂ ਖ਼ੁਦਾ ਦੇ ਨਾਂਅ ਦੇ ਸਹੀ ਬੋਲਣ ਨੂੰ ਚੁਰਾਉਣ ਜਾਂ ਉਸਦੇ ਮਿਸਰੀ ਜਾਦੂ ਨੂੰ ਦਿੰਦੇ ਹਨ। ਮੱਤੀ, ਥੱਦਈ, ਬਾਉਨੀ ਨਾਂ ਦੇ ਆਦਮੀ ਅਤੇ ਨਿਕੁਦੇਮੁਸ ਸਣੇ ਯਿਸੂ ਦੇ ਖ਼ਾਸ ਚੇਲਿਆਂ ਦੇ ਨਾਵਾਂ ਦਾ ਜ਼ਿਕਰ ਆਉਂਦਾ ਹੈ। ਪਸਾਹ ਦੇ ਸਮੇਂ ਸਲੀਬ ਦੇਣ ਦੀ ਗੱਲ ਨੂੰ ਛੱਡਿਆ ਨਹੀਂ ਗਿਆ ਹੈ, ਪਰ ਸਭ ਹਵਾਲਿਆਂ ਵਿਚ ਬੁਰੀ ਨੀਅਤ ਨਾਲ ਯਿਸੂ ਉੱਤੇ ਜਾਦੂਗਰੀ ਅਤੇ ਲਾਲਚ ਦਾ ਇਲਜ਼ਾਮ ਲਾਇਆ ਗਿਆ ਹੈ।[8]

ਰੱਬੀਆਂ ਨੇ ਮਜ਼ਾਕ ਭਰੇ ਤਰੀਕੇ ਨਾਲ ਯਿਸੂ ਨੂੰ ''ਟੰਗਿਆ ਹੋਇਆ'' ਅਤੇ ''ਕੁਆਰੀ ਦਾ ਪੁੱਤਰ'' ਕਿਹਾ।[9] ਰੱਬੀਆਂ ਨੇ ''ਇੰਜੀਲ'' ਸ਼ਬਦ ਲਈ ਜ਼ਲਾਲਤ ਭਰੇ ਸ਼ਬਦਾਂ ਦੀ ਵਰਤੋਂ ਕਰਦਿਆਂ ਆਪਣੀ ਭਾਸ਼ਾ ਵਿਚ ਇਸਦਾ ਅਰਥ ''ਛੋਟ ਦਾ ਦੋਸ਼'' ਜਾਂ ''ਲਿਖਣ ਵਾਲੀ ਫੱਟੀ ਦਾ ਪਾਪ'' ਦੱਸਿਆ।[10] ਜੇ ਉਹ ਕਿਸੇ ਕਲਪਿਤ ਯਿਸੂ ਦਾ ਗੱਲ ਕਰ ਰਹੇ ਦਾ ਹੁੰਦੇ, ਤਾਂ ਯਕੀਨਨ ਹੀ ਉਸ 'ਤੇ ਉਨ੍ਹਾਂ ਦੇ ਹਮਲੇ ਫ਼ਰਕ ਢੰਗ ਨਾਲ ਹੋਣੇ ਸਨ। ਉਨ੍ਹਾਂ ਵੱਲੋਂ ਕੀਤੀ ਹਰ ਬੇਇੱਜ਼ਤੀ ਦਾ ਅਧਾਰ ਉਸਦਾ ਨਾਸਰਤ ਦਾ ਤਰਖਾਣ ਹੋਣਾ ਸੀ।

## ਕੁਰਨੇਲਿਉਸ ਟੇਸਿਟੁਸ

ਕੁਰਨੇਲਿਉਸ ਟੇਸਿਟੁਸ ਇਕ ਹੋਰ ਮਸ਼ਹੂਰ ਇਤਿਹਾਸਕਾਰ ਸੀ, ਜਿਸਨੂੰ ਰੋਮੀ ਰਾਜ ਦਾ ਆਲ੍ਹਾ ਇਤਿਹਾਸਕਾਰ ਮੰਨਿਆ ਜਾਂਦਾ ਹੈ। 110ਈ. ਦੇ ਲਗਭਗ ਉਸਨੇ ਨੀਰੋ ਦੇ ਸਮੇਂ (54-68ਈ) ਵਿਚ ਰੋਮ ਦੇ ਤੀਜੇ ਹਿੱਸੇ ਦੇ ਸੜ ਜਾਣ ਬਾਰੇ ਲਿਖਿਆ। ਕਿਉਂਕਿ ਕੁਝ ਰੋਮੀਆਂ ਨੇ ਕਿਹਾ ਸੀ ਕਿ ਨੀਰੋ ਨੇ ਆਪੇ ਹੀ 64 ਈਸਵੀ ਵਿਚ ''ਵੱਡੀ ਅੱਗ'' ਲਾਈ ਸੀ। ਇਸ ਕਰਕੇ ਉਸ ਇਲਜ਼ਾਮ ਦਾ ਖੰਡਨ ਕਰਨ ਦੇ ਲਈ ਲਿਖਿਆ ਸੀ। ਆਪਣੀ ਰਿਪੋਰਟ ਦੇ ਇਕ ਹਿੱਸੇ ਦੇ

ਰੂਪ ਵਿਚ ਟੇਸਿਟੁਸ ਨੇ ਲਿਖਿਆ:

> ਇਸ ਕਰਕੇ ਅਫ਼ਵਾਹ ਨੂੰ ਰੋਕਣ ਦੇ ਲਈ ਨੀਰੋ ਨੇ ਲੋਕਾਂ ਦੇ ਵਰਗ ਨੂੰ ਜਿਨ੍ਹਾਂ ਨੂੰ ਲੋਕ ਮਸੀਹੀ ਆਖਦੇ ਸਨ ਉਨ੍ਹਾਂ ਦੀਆਂ ਬੁਰਾਈਆਂ ਤੋਂ ਤੰਗ ਆ ਕੇ ਮੁਜਰਮ ਕਰਾਰ ਦੇ ਕੇ ਬਦਨਾਮ ਕੀਤਾ ਅਤੇ ਸਜ਼ਾ ਦਿੱਤੀ ਸੀ। ਖ੍ਰਿਸਟੁਸ ਜਿਸ ਤੋਂ ਉਨ੍ਹਾਂ ਨੂੰ ਇਹ ਨਾਂਅ ਮਿਲਿਆ ਸੀ, ਬਾਦਸ਼ਾਹ ਤਿਬਰਿਉਸ ਵੇਲੇ ਪੋਂਤੁਸ ਪਿਲਾਤੁਸ ਵੱਲੋਂ ਮੌਤ ਦੀ ਸਜ਼ਾ ਦੇ ਕੇ ਮਰਵਾਇਆ ਸੀ: ਅਤੇ ਇਸ ਤਬਾਹਕੁੰਨ ਅੰਧਵਿਸਵਾਸ 'ਤੇ ਥੋੜ੍ਹੀ ਦੇਰ ਰੋਕ ਲੱਗ ਗਈ ਸੀ, ਪਰ ਨਵੇਂ ਸਿਰਿਓਂ ਇਹ ਛੂਤ ਦੀ ਬੀਮਾਰੀ ਯਹੂਦੀਆ ਵਿਚ ਫੇਰ ਸ਼ੁਰੂ ਹੀ ਨਹੀਂ ਹੋਈ, ਬਲਕਿ ਪੂਰੇ ਰੋਮ ਵਿਚ ਫੈਲ ਗਈ ਸੀ, ਜਿੱਥੇ ਦੁਨੀਆਂ ਦੀਆਂ ਸਭ ਤੋਂ ਖ਼ਤਰਨਾਕ ਬੀਮਾਰੀਆਂ ਅਤੇ ਮਾੜੀਆਂ ਗੱਲਾਂ ਇਕੱਠੀਆਂ ਹੋ ਕੇ ਆਪਣਾ ਘਰ ਬਣਾ ਲੈਂਦੀਆਂ ਹਨ।[11]

ਉਸਦੇ ਲੇਖਾਂ ਤੋਂ ਪਤਾ ਲਗਦਾ ਹੈ ਕਿ ਟੇਸਿਟੁਸ ਉਨ੍ਹਾਂ ਮਸੀਹੀ ਲੋਕਾਂ ਤੋਂ ਘਿਣ ਕਰਦਾ ਸੀ, ਪਰ ਇਹ ਵੀ ਸਪੱਸ਼ਟ ਹੈ ਕਿ ਉਹ ਪੱਕਾ ਮੰਨਦਾ ਸੀ ਕਿ ਉਹਨੂੰ ''ਹਾਕਮ ਪਿਲਾਤੁਸ ਵੱਲੋਂ ਮੌਤ ਦੀ ਸਜ਼ਾ ਦੇ ਕੇ ਮਾਰਿਆ ਗਿਆ ਸੀ।''

## ਸੀ . ਪਲਾਈਨਿਯੁਸ ਸਿਕੰਦੁਸ

ਸੀ. ਪਲਾਈਨਿਯੁਸ ਸਿਕੰਦੁਸ ਇਕ ਹੋਰ ਰੋਮੀ ਲੇਖਕ ਅਤੇ ਟੇਸਿਟੁਸ ਦੇ ਸਮੇਂ ਬੈਤਨੀਆ ਦਾ ਰਾਜਪਾਲ ਸੀ। ਉਹ ਇਸੇ ਨਾਂਅ ਨਾਲ ਮਸ਼ਹੂਰ ਸੀ ਅਤੇ ਆਪਣੇ ਚਾਚੇ ਨਾਲੋਂ ਵੱਖ ਕਰਨ ਲਈ ਪਲਾਇਨੀ ''ਛੋਟੇ'' ਦੇ ਨਾਂਅ ਜਾਣਿਆ ਜਾਂਦਾ ਸੀ। ਪਲਾਇਨੀ ਛੋਟੇ ਨੇ 112ਈ. ਵਿਚ ਬਾਦਸ਼ਾਹ ਟ੍ਰਾਜਨ ਨੂੰ ਲਿਖ ਕੇ ਇਹ ਸੁਝਾਅ ਮੰਗਿਆ ਕਿ ਉਹ ਇਲਾਕੇ ਦੇ ਬਹੁਤ ਸਾਰੇ ਮਸੀਹੀ ਲੋਕਾਂ ਨਾਲ ਕੀ ਕਰੇ।

ਲੋਕਾ ਵੱਲੋਂ ਮੰਦਰਾਂ ਨੂੰ ਛੱਡ ਕੇ ਅਤੇ ਮਸੀਹੀ ਲੋਕਾਂ ਵੱਲੋਂ ਮਸੀਹ ਦੇ ਨਾਂਅ ਲਈ ਮੌਤ ਸਹਿਣ ਲਈ ਤਿਆਰ ਹੋਣ ਕਰਕੇ ਪਲਾਇਨੀ ਲਈ ਇਹ ਮੰਨਣਾ ਨਾਮੁਮਕਿਨ ਸੀ ਕਿ ਯਿਸੂ ਬਾਰੇ ਇਕ ਕਲਪਨਾ ''ਛੂਤ'' ਦਾ ਰੂਪ ਲੈ ਚੁਕੀ ਸੀ। ਪਲਾਇਨੀ ਦੀਆਂ ਟਿੱਪਣੀਆਂ ਤੋਂ ਮਸੀਹ ਦੇ ਅਸਰ ਦੀ ਹੱਦ ਦਾ ਪਤਾ ਲਗਦਾ ਹੈ: ''ਇਸ ਅੰਧਵਿਸ਼ਵਾਸ ਦਾ ਵਿਸਤਾਰ ਸ਼ਹਿਰਾਂ ਤਕ ਹੀ ਸੀਮਤ ਨਹੀਂ ਹੈ, ਇਹ ਪਿੰਡਾਂ ਤਕ ਬਲਕਿ ਪੂਰੇ ਦੇਸ਼ ਵਿਚ ਫੈਲ ਚੁਕਾ ਹੈ।''[12]

## ਸਿਯੁਟੋਨਿਉਸ

ਟੇਸਿਟੁਸ ਦੇ ਸਮਕਾਲੀ ਇਕ ਹੋਰ ਇਤਿਹਾਸਕਾਰ ਸਿਯੁਟੋਨਿਉਸ (65-135ਈਸਵੀ) ਨੇ ਲਗਪਗ 120ਈਸਵੀ ਵਿਚ ਕਹੇ ਗਏ ਇਕ ਹੋਰ ਕਠੋਰ ਕਾਰਜ ਦੇ ਵਿਖੇ ਲਿਖਿਆ ਹੈ: ''ਖ੍ਰਿਸਟੁਸ ਦੇ ਬਹਿਕਾਵੇ ਵਿਚ ਆ ਕੇ ਯਹੂਦੀ ਲੋਕ ਲਗਾਤਾਰ ਗੜਬੜ ਕਰਦੇ ਰਹੇ ਸਨ, ਇਸ ਕਰਕੇ ਉਸਨੇ ਉਨ੍ਹਾਂ ਨੂੰ ਰੋਮ ਵਿੱਚੋਂ ਕੱਢ ਦਿੱਤਾ।''[13] (ਜਿਸਨੂੰ ਟੇਸਿਟੁਸ ਨੇ ''ਖ੍ਰਿਸਟੁਸ''[14] ਕਿਹਾ ਸੀ, ਸਿਯੁਟੋਨਿਉਸ ਨੇ ਉਸਨੂੰ ''ਖ੍ਰੇਸਟੁਸ'' ਕਿਹਾ।[15])

ਲੇਖਕ ਓਰੋਸਿਸ ਨੇ ਜ਼ਿਕਰ ਕੀਤਾ ਕਿ ਯਹੂਦੀਆਂ ਦਾ ਇਸ ਤਰ੍ਹਾਂ ਕੱਢਿਆ ਜਾਣਾ ਕਲੌਦਿਉਸ ਦੀ ਹਕੂਮਤ ਦੇ ਨੌਵੇਂ ਸਾਲ ਵਿਚ ਹੋਇਆ ਸੀ। ਜਿਵੇਂ ਵਰਨਰ ਕੈਲਰ ਨੇ ਸੰਕੇਤ

ਦਿੱਤਾ, ਇਹਦਾ ਮਤਲਬ ਇਹ ਹੈ ਕਿ ਰੋਮ 'ਚ ਮਸੀਹੀ ਬਰਾਦਰੀ ਯਿਸੂ ਦੇ ''ਸਲੀਬ ਦਿੱਤੇ ਜਾਣ ਦੇ ਪੰਦਰਾਂ ਤੋਂ ਤੀਹ ਸਾਲਾਂ ਦੇ ਅੰਦਰ-ਅੰਦਰ ਕਾਇਮ ਹੋ ਗਈ ਸੀ।''[16]

ਜ਼ਾਹਿਰ ਹੈ ਕਿ ਰੋਮੀ ਲੋਕਾਂ ਵਿਚ ਰਹਿਣ ਵਾਲੇ ਯਹੂਦੀਆਂ ਦੇ ਮੁਹੱਲੇ ਵਿਚ ਯਹੂਦੀ ਹੀ ਯਹੂਦੀ ਮਸੀਹੀਆਂ 'ਤੇ ਜ਼ੁਲਮ ਕਰ ਰਹੇ ਸਨ। ਉਨ੍ਹਾਂ ਨੇ ਐਨਾ ਹੱਲਾ ਕੀਤਾ ਕਿ ਕਲੌਦਿਉਸ ਨੂੰ ਉਨ੍ਹਾਂ ਤੋਂ ਨਫ਼ਰਤ ਹੋ ਗਈ। ਇਸੇ ਕਰਕੇ ਬਾਦਸ਼ਾਹ ਨੇ ਮਾਮਲੇ ਨੂੰ ਯਹੂਦੀਆਂ ਦਾ ਆਪਸੀ ਝਗੜਾ ਮੰਨ ਕੇ ਹਰ ਯਹੂਦੀ ਨੂੰ ਰੋਮ ਛੱਡ ਦੇਣ ਦਾ ਹੁਕਮ ਦਿੱਤਾ। ਅਕੂਲਾ ਅਤੇ ਪ੍ਰਿਸਕਿੱਲਾ ਵੀ ਉਨ੍ਹਾਂ ਕੱਢੇ ਜਾਣ ਵਾਲੇ ਲੋਕਾਂ ਵਿਚ ਸ਼ਾਮਿਲ ਸਨ। ਕੁਰਿੰਥੁਸ ਵਿਚ ਪੌਲੁਸ ਨੂੰ ''ਅਕੂਲਾ ਨਾਉਂ ਦਾ ਇਕ ਯਹੂਦੀ ਮਿਲਿਆ ਜਿਹਦੀ ਜੰਮਣ ਭੂਮੀ ਪੁੰਤੁਸ ਸੀ ਅਤੇ ਆਪਣੀ ਤੀਵੀਂ ਪ੍ਰਿਸਕਿੱਲਾ ਸਣੇ ਇਤਾਲੀਆ ਤੋਂ ਆਇਆ ਹੋਇਆ ਸੀ ਕਿਉਂ ਜੋ ਕਲੌਦਿਉਸ ਨੇ ਹੁਕਮ ਦਿੱਤਾ ਸੀ ਕਿ ਸਾਰੇ ਯਹੂਦੀ ਰੋਮ ਤੋਂ ਨਿੱਕਲ ਜਾਣ ...'' (ਰਸੂਲਾਂ ਦੇ ਕੰਮ 18:2)। ਇਹ ਅਫ਼ਸੋਸਨਾਕ ਘਟਨਾ ਜੋ ਯਿਸੂ ਦੀ ਮੌਤ ਦੇ ਵੀਹ ਸਾਲ ਬਾਅਦ ਹੀ ਵਾਪਰੀ। ਰੋਮ ਵਿਚ ਇਹ ਮਸੀਹੀ ਲੋਕਾਂ ਦੀ ਵਧਦੀ ਗਿਣਤੀ ਦੀ ਝਲਕ ਹੈ, ਜੋ ਕਦੇ ਨਾ ਹੁੰਦੀ ਜੇ ''ਖ੍ਰੇਸਟੁਸ'' ਨਾ ਹੁੰਦਾ। ਸਿਯੁਟੋਨਿਉਸ ਦੀ ਟਿੱਪਣੀ ਫੇਰ ਯਿਸੂ ਦੀ ਇਤਿਹਾਸਕਤਾ ਦੇ ਨਿਰਪੱਖ ਅਤੇ ਵਿਰੋਧੀ ਵੱਲੋਂ ਇਕ ਸਬੂਤ ਹੈ।[17]

## ਸਾਰ

ਨਾਸਰਤ ਵਾਸੀ ਪਹਿਲੀ ਸਦੀ ਦੇ ਯਿਸੂ ਦੇ ਹੋਣ, ਸਾਹ ਲੈਣ ਅਤੇ ਮਰਨ ਦੇ ਅਸਰ ਨੂੰ ਤੋੜਿਆ ਮਰੋੜਿਆ ਨਹੀਂ ਜਾ ਸਕਦਾ, ਕਿਉਂਕਿ ਜੋ ਕੁਝ ਉਹਨੇ ਕੀਤਾ ਉਹ ''ਖੂੰਜੇ ਵਿਚ ਨਹੀਂ'' ਹੋਇਆ ਸੀ (ਰਸੂਲਾਂ ਦੇ ਕੰਮ 26:26)। ਯਿਸੂ ਤੇ ਜਿਹੋ ਜਿਹਾ ਵੀ ਹਮਲਾ ਹੋਇਆ ਹੋਵੇ, ਪਰ ਉਹਦੇ ਸਹੀ ਹੋਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ''ਸਿਆਣਾ ਬੰਦਾ ਨੈਪੋਲੀਅਨ ਬੋਨਾਪਾਰਟ, ਓਲੀਵਰ ਕ੍ਰੋਮਵੈੱਲ, ਜੂਲੀਅਸ ਸੀਜ਼ਰ'' ਜਾਂ ਯਿਸੂ ਨਾਸਰੀ 'ਤੇ ਸ਼ੱਕ ਨਹੀਂ ਕਰ ਸਕਦਾ। ਇਹ ਹਕੀਕਤ ਕਿ ਜੂਲੀਅਸ ਸੀਜ਼ਰ ਇਤਿਹਾਸ ਵਿਚ ਹੋਇਆ, ਉਹਨੇ ਗਾਊਲ ਵਿਚ ਲੜਾਈ ਕੀਤੀ ਅਤੇ ਰੋਮੀ ਸੀਨੇਟ ਵਿਚ ਉਹਦਾ ਕਤਲ ਹੋਇਆ, ਹਰ ਕਿਸੇ ਵੱਲੋਂ ਸੱਚ ਅਤੇ ਮੰਨਿਆ ਹੋਇਆ ਇਤਿਹਾਸ ਮੰਨਿਆ ਜਾਂਦਾ ਹੈ; ਪਰ ਉਹ ਆਧੁਨਿਕ ਸਮੇਂ ਦੇ ਐਨਾ ਨੇੜੇ ਨਹੀਂ ਹਨ,ਨਾ ਹੀ ਇਨ੍ਹਾਂ ਤੱਥਾਂ ਦੇ ਕਿ ਯਿਸੂ ਇਸ ਧਰਤੀ 'ਤੇ ਰਿਹਾ ਸੀ, ਉਹਨੇ ਯਹੂਦੀਆ ਅਤੇ ਗਲੀਲ ਵਿਚ ਇੰਜੀਲ ਦਾ ਪ੍ਰਚਾਰ ਕੀਤਾ ਅਤੇ ਕਲਵਰੀ 'ਤੇ ਸਲੀਬ 'ਤੇ ਚੜ੍ਹਾਇਆ ਗਿਆ, ਤੋਂ ਅੱਧੀਆਂ ਵੀ ਸਾਬਿਤ ਨਹੀਂ ਹਨ।''[18]

ਫ੍ਰੈਡਰਿਕ ਸੀ. ਗ੍ਰੈਂਟ ਨੇ ਦਾਅਵਾ ਕੀਤਾ ਕਿ '''ਮਸੀਹ ਦੀ ਕਲਪਨਾ' ਵਰਗੀਆਂ ਆਧੁਨਿਕ ਥਿਊਰੀਆਂ ਨੂੰ ਸਭ ਵਿਗਿਆਨਕ ਇਤਿਹਾਸਕਾਰ ਰੱਦਦੇ ਹਨ।''[19] ਇਕ ਲੈਕਚਰਰ ਨੇ ਇਵੇਂ ਆਖਿਆ ਹੈ:

> ਇਹ ਮੰਨਣਾ ਕਿ ਉਹ [ਯਿਸੂ] ਕਦੇ ਹੋਇਆ ਹੀ ਨਹੀਂ, ਉਹਦੀ ਜ਼ਿੰਦਗੀ ਦੇ ਵੇਰਵੇ ਕਾਢਾਂ ਹਨ, ਬਹੁਤਾ ਔਖਾ ਹੈ ਅਤੇ ਇੰਜੀਲ ਦੀ ਕਹਾਣੀ ਦੇ ਜ਼ਰੂਰੀ ਤੱਤਾਂ ਨੂੰ ਸੱਚ ਮੰਨਣ ਦੇ ਵਧੇਰੇ ਇਤਿਹਾਸਕਾਰਾਂ ਦੇ ਰਾਹ ਵਿਚ ਮੁਸ਼ਕਿਲਾਂ ਖੜੀਆਂ ਕਰਦਾ ਹੈ।[20]

ਐਫ. ਐਫ. ਬਰੂਸ, ਨੇ ਕਿਹਾ ਹੈ ਕਿ ''ਕੁਝ ਲੇਖਕ 'ਮਸੀਹ ਦੀ ਕਲਪਨਾ' ਦੀ ਭਾਵਨਾ ਨਾਲ

ਖੇਡ ਸਕਦੇ ਹਨ, ਪਰ ਅਜਿਹਾ ਉਹ ਇਤਿਹਾਸਕ ਸਬੂਤ ਦੇ ਅਧਾਰ 'ਤੇ ਨਹੀਂ ਕਰਦੇ।''[21]

''ਜੇ ਨਵਾਂ ਨੇਮ ਨਾ ਲਿਖਿਆ ਗਿਆ ਹੁੰਦਾ, ਅਤੇ ਪੁਰਖਿਆਂ ਨੇ ਚੁੱਪ ਨਾ ਵੱਟੀ ਹੁੰਦੀ, ਤਾਂ ਸਾਨੂੰ ਇਨ੍ਹਾਂ ਬਾਹਰੀ ਵਸੀਲਿਆਂ [ਭਾਵ ਬੇਵਿਸ਼ਵਾਸੇ ਲੋਕਾਂ ਦੀਆਂ ਗੱਲਾਂ] ਤੋਂ ਸਮੱਗਰੀ ਇਕੱਠੀ ਕਰਨੀ ਪੈਂਦੀ ਅਤੇ ਮਸੀਹੀਅਤ ਦੀਆਂ ਸਭ ਵੱਡੀਆਂ ਹਕੀਕਤਾਂ ਨੂੰ ਪਾਉਣ ਲਈ ਮਜਬੂਰ ਹੋ ਸਕਦੇ ਸਾਂ।''[22] ਫਿਰ ਤਾਂ ਮਸੀਹੀਅਤ ਦੀ ਬੁਨਿਆਦ ਇਤਿਹਾਸਕ ਅਤੇ ਭੂਗੋਲਿਕ ਹੈ। ਹੋਰ ਬਨਾਵਟੀ ਜਾਂ ਸ਼ੱਕੀ ਗੁਰੂਆਂ ਦੇ ਮੁਕਾਬਲੇ ਯਿਸੂ ਜੂਲੀਅਸ ਸੀਜ਼ਰ ਵਾਂਗ ਹੀ ਅਸਲੀ ਹੈ। ਇਸ ਸਵਾਲ ਨੂੰ ਕਿ ''ਤੁਸੀਂ ਮਨੁੱਖ ਦੇ ਪੁੱਤਰ ਨੂੰ ਕੀ ਆਖਦੇ ਹੋ ਕਿ ਉਹ ਕੌਣ ਹੈ?'' ਫੜ੍ਹਨ ਨਾਲ ਅਜਿਹਾ ਕੁਝ ਠੋਸ ਮਿਲ ਜਾਂਦਾ ਹੈ ਜਿਸ ਨਾਲ ਆਦਮੀ ਆਪਣਾ ਜਵਾਬ ਦੇ ਸਕਦਾ ਹੈ।

---

ਟਿੱਪਣੀਆਂ

[1]ਇਕ ਸਮਾਂ ਸੀ ਜਦ ''ਨਵੇਂ ਨੇਮ ਦੀ ਲਿਖਤ'' ਦੀ ਮੂਲ ਭਰੋਸੇਯੋਗਤਾ ਨੂੰ ਚੁਣੌਤੀ ਦਿੱਤੀ ਜਾਂਦੀ ਸੀ, ''ਪਰ ਉਹ ਸਮਾਂ ਬੀਤ ਗਿਆ ਹੈ ਅਤੇ ਉਹ ਸਥਾਈ ਤੌਰ 'ਤੇ ਅਤੀਤ ਬਣ ਗਿਆ ਹੈ'' (ਜੌਨ ਐਚ. ਗਰਸਟਨਰ, *ਰੀਜ਼ਨਜ਼ ਫ਼ਾਰ ਫ਼ੇਥ* [ਨਿਊ ਯਾਰਕ: ਹਾਰਪਰ ਐਂਡ ਬ੍ਰਦਰਜ਼, 1960], 86)। [2]ਗ਼ੈਰ ਮਸੀਹੀ ਟਿੱਪਣੀਆਂ ਵੀ 19ਵੀਂ ਸਦੀ ਦੇ ਅਖ਼ੀਰ ਵਿਚ ਕੁਝ ਅਲੋਚਕਾਂ ਵੱਲੋਂ ਬੜੀ ਗੰਭੀਰਤਾ ਨਾਲ ਵਧਾਏ ਝਗੜੇ ਕਿ ਯਿਸੂ ਅਸਲ 'ਚ ਕਦੇ ਹੋਇਆ ਹੀ ਨਹੀਂ ਅਤੇ ਯਿਸੂ ਦੀ ਕਹਾਣੀ ਵਿਚ ਦੇਵਤੇ ਦੀ ਮਿਥਿਆ ਕਹਾਣੀ ਸੀ ਜੋ ਮਨੁੱਖੀ ਰੂਪ ਵਿਚ ਥੋੜ੍ਹੀ ਦੇਰ ਲਈ ਧਰਤੀ 'ਤੇ ਪਰਗਟ ਹੋਇਆ ਸੀ, ਨੂੰ ਖੰਡਣ ਵਿਚ ਮਦਦਗਾਰ ਹੋ ਸਕਦੀਆਂ ਹਨ (*ਇਨਸਾਈਕਲੋਪੀਡੀਆ ਬ੍ਰਿਟੈਨਿਕਾ,* 1962 ਅੰਕ, s.v. ''ਜੀਜ਼ਸ ਕ੍ਰਾਈਸਟ,'' ਬਾਈ ਜਰੋਸਲਵ ਜਨ ਪੇਲਿਕਨ)। [3]ਜੋਸੇਫ਼ਸ *ਐਂਟੀਕੁਇਟੀਜ਼* 18.3.3. [4]''ਜੋਸੇਫ਼ਸ ਦੀ ਗੱਲ ਐਨੀ ਮਸੀਹ ਹਮਾਇਤੀ ਹੈ ਕਿ ਬਹੁਤ ਸਾਰੇ ਵਿਦਵਾਨਾਂ ਨੇ ਦਾਅਵਾ ਕੀਤਾ ਹੈ ਕਿ ਪੂਰਾ ਹਿੱਸਾ ਹੀ ਵਿਗਾੜ ਹੈ। ਘੱਟ ਸਖ਼ਤ ਪਰ ਕੁਝ ਸ਼ਬਦਾਂ ਨੂੰ ਵਿਗਾੜ ਬਣਾਉਣ ਨਾਲ ਉਹੀ ਪ੍ਰਭਾਵ ਜਾਂਦਾ ਹੈ (ਜੋਜ਼ਫ਼ ਕਲਾਉਸਨਰ, *ਜੀਜ਼ਸ ਆਫ਼ ਨਾਜ਼ਰਥ: ਹਿਜ਼ ਲਾਈਫ਼, ਟਾਈਮਜ਼, ਐਂਡ ਟੀਚਿੰਗ,* ਅਨੁਵਾਦਕ ਹਰਬਰਟ ਡੈਨਬੀ [ਨਿਊ ਯਾਰਕ: ਮੈਕਮਿਲਨ ਕੰ., 1929], 56)। ਪਰ ਜੋਸੇਫ਼ਸ ਦੇ ਲੇਖਾਂ ਦੀਆਂ ਸਭ ਵਿਸਥਾਰ ਸਹਿਤ ਨਕਲਾਂ ਵਿਚ ਪੂਰਾ ਭਾਗ ਹੈ ਅਤੇ ਇਸ ਭਾਗ ਨੂੰ 324 ਈਸਵੀ ਤੋਂ (ਯੂਸਬਿਉਸ ਵੱਲੋਂ) ਪੇਸ਼ ਕੀਤਾ ਗਿਆ ਹੈ। ਜਿੱਥੋਂ ਤਕ ਬਾਈਬਲੀ ਸਬੂਤ ਦੀ ਗੱਲ ਹੈ, ਇਸ ਭਾਗ ਵਾਂਗ ਜੋਸੇਫ਼ਸ ਦੇ ਲੇਖਾਂ ਦੇ ਕਿਸੇ ਭਾਗ ਨੂੰ ਵੀ ਅਸਾਨੀ ਨਾਲ ਨਕਾਰਿਆ ਜਾ ਸਕਦਾ ਹੈ। ਸਿਰਫ਼ ਕਾਲਪਨਿਕ ਤਰਕ ਹੀ ਇਹਨੂੰ ਮਿਟਾ ਸਕਦਾ ਹੈ। 13 ਫ਼ਰਵਰੀ 1972 ਨੂੰ ਯਰੂਸ਼ਲਮ ਦੀ ਇਕ ਸਮਾਂ ਰੇਖਾ ਦੇ ਅਧੀਨ, ਦਿ *ਨਿਊ ਯਾਰਕ ਟਾਈਮਜ਼* ਸਮਾਚਾਰ ਸੇਵਾ ਨੇ ਦਸਵੀਂ ਸਦੀ ਦੀ ਇਕ ਅਰਬੀ ਹੱਥਲਿਖਤ ਬਾਰੇ ਦੱਸਿਆ ਜਿਸ ਵਿਚ ਜੋਸੇਫ਼ਸ ਦੇ ਪਾਠ ਦੇ ਲਈ ਅੱਗੇ ਦਿੱਤਾ ਪਾਠ ਭੇਤ ਹੈ: ਇਕ ਸਮੇਂ ਇਕ ਬੁੱਧਵਾਨ ਮਨੁੱਖ ਸੀ ਜਿਸਨੂੰ ਯਿਸੂ ਕਿਹਾ ਜਾਂਦਾ ਸੀ। ਉਹਦਾ ਵਿਹਾਰ ਚੰਗਾ ਸੀ ਅਤੇ (ਉਹਨੂੰ) ਧਰਮੀ ਮੰਨਿਆ ਜਾਂਦਾ ਸੀ ਅਤੇ ਯਹੂਦੀਆਂ ਅਤੇ ਦੂਜੇ ਦੇਸ਼ਾਂ ਵਿਚ ਉਹਦੇ ਬਹੁਤ ਸਾਰੇ ਚੇਲੇ ਬਣ ਗਏ ਸਨ। ਪਿਲਾਤੁਸ ਨੇ ਉਹਨੂੰ ਸਲੀਬ ਚੜ੍ਹਾਉਣ ਅਤੇ ਮਾਰ ਦੇਣ ਦੀ ਸਜ਼ਾ ਦਿੱਤੀ ਅਤੇ ਉਹਦੇ ਚੇਲੇ ਬਣਨ ਵਾਲਿਆਂ ਨੇ ਉਹਦੇ ਚੇਲੇ ਬਣਨਾ ਨਹੀਂ ਛੱਡਿਆ ਸੀ। ਉਨ੍ਹਾਂ ਨੇ ਦੱਸਿਆ ਕਿ ਉਹਦੇ ਸਲੀਬ ਚੜ੍ਹਨ ਤੋਂ ਤਿੰਨ ਦਿਨ ਬਾਅਦ ਉਹ ਉਨ੍ਹਾਂ ਨੂੰ ਵਿਖਾਈ ਦਿੱਤਾ ਸੀ ਅਤੇ ਉਹ ਜਿਊਂਦਾ ਹੈ ਇਸ ਕਰਕੇ ਸ਼ਾਇਦ ਉਹੀ ਮਸੀਹ ਸੀ ਜਿਸਦੇ ਬਾਰੇ ਨਬੀਆਂ ਨੇ ਬਿਨਾ ਗਲਤੀ ਦੇ ਗੱਲਾਂ ਲਿਖੀਆਂ ਹਨ। [5]ਜੋਸੇਫ਼ਸ *ਐਂਟੀਕ੍ਰਿਇਟੀਜ਼* 20.9.1. [6]ਐਫ਼. ਐਫ਼. ਬਰੂਸ, *ਦਿ ਨਿਊ ਟੈਸਟਾਮੈਂਟ ਡਾਕੂਮੈਂਟਸ: ਆਰ ਦੇ ਰਿਲਾਏਬਲ?* (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲਿਸ਼ਿੰਗ ਕੰ., 1954), 102. ਯਿਸੂ ਦੀ ਇਤਿਹਾਸਕਤਾ ਵਿਚ ਯਹੂਦੀਆਂ ਦਾ ਪੂਰਾ ਵਿਸ਼ਵਾਸ ਵਿਖਾਉਣ ਲਈ ਬਰੂਸ ਨੇ ਕਲਾਉਸਨਰ, *ਜੀਜ਼ਸ ਆਫ਼ ਨਾਜ਼ਰਥ,* 18ਤੋਂ ਅਤੇ ਮੌਰਿਸ ਗੌਗੁਲ, *ਲਾਈਫ਼ ਆਫ਼ ਜੀਜ਼ਸ,* 70ਤੋਂ ਦਾ ਹਵਾਲਾ ਦਿੱਤਾ। ''ਇਕ ਆਦਮੀ ਜਿਸਦਾ ਨਾਂ ਯਿਸੂ ਸੀ ਜਾਂ ਮਸੀਹ ਸੀ, ਹੋਇਆ ਹੈ,'' ਅਤੇ ਉਹ ''ਤਿਬਰਯੁਸ ਦੀ ਹਕੂਮਤ ਦੌਰਾਨ ਫ਼ਲਸਤੀਨ ਵਿਚ ਸਲੀਬ ਦਿੱਤਾ ਗਿਆ ਸੀ'' ਮੌਰਿਸ ਗੋਗੁਲ, *ਲਾਈਫ਼ ਆਫ਼ ਜੀਜ਼ਸ* [ਨਿਊ ਯਾਰਕ: ਬਾਰਨਸ ਐਂਡ ਨੋਬਲ, 1933; ਜਿਲਦ ਤੀਜੀ, 1958], 70)। [7]ਥੌਮਸ ਹਾਰਟਵੈਲ ਹੌਰਨਰ, *ਐਨ ਇੰਟ੍ਰੋਡਕਸ਼ਨ ਟੂ ਦ ਕ੍ਰਿਟੀਕਲ ਸਟੱਡੀ ਐਂਡ ਨਾਲੇਜ ਆਫ਼ ਦ ਹੋਲੀ ਸਕ੍ਰਿਪਚਰਜ਼* (ਫ਼ਿਲਾਡੈਲਫ਼ੀਆ: ਈ. ਲਿੱਟਲ, 1831), 1:197.

[8]ਉਹੀ। [9]ਯਿਸੂ ਨੂੰ *Ha-Taluy*, ''ਟੰਗਿਆ ਗਿਆ'' ਅਤੇ *Ben Pantera*, ਭਾਵ ''ਕੁਆਰੀ ਦਾ ਪੁੱਤਰ'' ਕਿਹਾ ਗਿਆ ਸੀ। *ਪੈਂਟਰਾ* ਸ਼ਬਦ ਯੂਨਾਨੀ ਸ਼ਬਦ *ਪਾਰਥਿਨੋਸ* ਅਰਥਾਤ ਕੁਆਰੀ ਦਾ ਵਿਗੜਿਆ ਰੂਪ ਹੈ। (ਉਹੀ।) [10]*Euangelion* (ਯੂਐਂਜਲਿਓਨ), ''ਇੰਜੀਲ'' ਨੂੰ *ਅਵੇਨ-ਜਿਲਾਯੋਨ* ਜਾਂ *ਅਵੋਨ-ਜਿਲਾਯੋਨ* ਵਿਚ ਬਦਲ ਦਿੱਤਾ ਗਿਆ ਸੀ। (ਬੇਬੀਲੋਨੀਅਨ ਤਾਲਮੁਡ, ਟ੍ਰੈਕਟੇਟ ਸ਼ੱਬਥ, ਐਫ਼. ਐਫ਼. ਬਰੂਸ, 102 ਵਿਚ ਦੁਹਰਾਇਆ ਗਿਆ 116 ਏ, ਬੀ ।)

[11]ਬਰੂਸ, 117 ਵਿੱਚੋਂ ਟੇਸਿਟੁਸ *ਐਨਲਜ਼* 15.44. [12]ਸੀ. ਪਲਾਇਨਿਯੁਸ ਸਿਕੰਦੁਸ *ਐਪਿਸਪਲਟਜ਼ ਆਫ਼ ਪਲਾਇਨੀ* 10.97, ਜੇ. ਡਲਬਯੂ. ਮੈਕਗਰਵੇ *ਐਵਿਡੈਂਸਸ ਆਫ਼ ਕ੍ਰਿਸਚਿਐਨਟੀ*, ਭਾਗ 3 ਵਿੱਚੋਂ ਲਿਆ ਗਿਆ। [13]ਸਿਯੁਟੋਨਿਅਸ *ਲਾਈਫ਼ ਆਫ਼ ਕਲੌਦਿਉਸ* 25.4, ਬਰੂਸ 118 ਵਿੱਚੋਂ। [14]ਟੇਸਿਟੁਸ *ਐਨਲਜ਼* 15:44, ਬਰੂਸ 117 ਵਿਚ। [15]ਹੋਰਨਰ, 1:200. [16]ਵਰਨਰ ਕੈਲਰ, *ਦਿ ਬਾਈਬਲ ਐਜ਼ ਹਿਸਟਰੀ* (ਨਿਊ ਯਾਰਕ: ਵਿਲੀਅਮ ਮਾਰੋ ਐਂਡ ਕੰ., 1958), 379. [17]ਸਿਯੁਟੋਨਿਉਸ ਨੇ ਵੀ ਰੋਮ ਦੀ ਵੱਡੀ ਅੱਗ ਬਾਰੇ ਲਿਖਿਆ ਅਤੇ ਇਹ ਕਿਹਾ ਕਿ ਕਲੌਦਿਉਸ ਦੇ ਉੱਤਰਾਧਿਕਾਰੀ ਨੀਰੋ (64-68) ਨੇ ''ਇਕ ਅਨੋਖੇ ਅਤੇ ਸ਼ਰਾਰਤੀ ਅੰਧਵਿਸ਼ਵਾਸ ਦੇ ਆਦੀ ਲੋਕਾਂ ਦੇ ਇਕ ਵਰਗ ਨੂੰ ਸਲੀਬ ਅਰਥਾਤ ਸਜ਼ਾ ਦਾ ਹੁਕਮ ਦਿੱਤਾ'' (*ਲਾਈਫ਼ ਆਫ਼ ਨੀਰੋ*, 21.2, ਬਰੂਸ 118 ਵਿੱਚੋਂ)। [18]ਜੇ. ਐਲ. ਡੈਗ, *ਦਿ ਐਵੀਡੈਂਸਸ ਆਫ਼ ਕ੍ਰਿਸਚਿਐਨਿਟੀ* (ਮੈਕਨ, ਜੌਰਜੀਆ: ਜੇ. ਡਬਲਯੂ. ਬੁਰਕੇ ਐਂਡ ਕੰ., 1869), 85, 90. [19]*ਇਨਸਾਕਲੋਪੀਡੀਆ ਅਮੈਰਿਕਾਨਾ*, s.v. ''ਜੀਜ਼ਸ ਕ੍ਰਾਈਸਟ,'' ਬਾਏ ਫ਼੍ਰੈਡਰਿਕ ਸੀ. ਗ੍ਰੈਂਟ। [20]ਐਨ. ਬੀ. ਹਾਰਡਮੈਨ, *ਡੈੱਲਸ ਲੈਕਚਰਜ਼ ਫ਼ਾਰ 1943* ਵਿਚ ਐਲ. ਜੀ. ਵੈਲਸ (ਡੈਲਸ: ਯੂਜੀਨ ਸਮਿਥ, 1943), 122. [21]ਬਰੂਸ, 119. [22]ਹਾਰਵੇ ਡਬਲਯੂ. ਐਵਰੈਸਟ, *ਦਿ ਡਿਵਾਈਨ ਡੈਮਾਂਸਟ੍ਰੇਸ਼ਨ* (ਸੇਂਟ ਲੁਈਸ: ਕ੍ਰਿਸਚਿਅਨ ਬੋਰਡ ਆਫ਼ ਪਬਲੀਕੇਸ਼ਨ, 1884), 85.